## ਜੇਕਰ ਮੇਰੇ ਬੱਚੇ ਨੂੰ ਬੋਲਾਪਨ ਹੈ ਤਾਂ ਕੀ ਹੋਵੇਗਾ?

ਜੇਕਰ ਜਾਂਚਾਂ ਵਿਖਾਉਂਦੀਆਂ ਹਨ ਕਿ ਤੁਹਾਡੇ ਬੱਚੇ ਨੂੰ ਬੋਲਾਪਨ ਨਹੀਂ ਹੈ, ਆਪਣੇ ਬੱਚੇ ਦੀ ਸੁਣਨ ਸ਼ਕਤੀ ਦਾ ਧਿਆਨ ਰੱਖਣਾ ਫਿਰ ਵੀ ਮਹੱਤਵਪੂਰਣ ਹੈ।

ਕੁਝ ਬੱਚਿਆਂ ਨੂੰ ਜਦੋਂ ਉਹ ਵੱਡੇ ਹੋ ਰਹੇ ਹੁੰਦੇ ਹਨ ਤਾਂ ਬੋਲੇਪਨ ਦੇ ਖਤਰੇ ਹੋ ਸਕਦੇ ਹਨ। ਤੁਹਾਡਾ ਔਡੀਓਲੋਜਿਸਟ ਤੁਹਾਨੂੰ ਦੱਸ ਸਕੇਗਾ ਕਿ ਤੁਹਾਡੇ ਬੱਚੇ ਬਾਰੇ ਜੇਕਰ ਏਦਾਂ ਹੈ ਅਤੇ ਜੇ ਲੋੜੀਂਦਾ ਹੋਵੇ ਤਾਂ ਉਹ ਤੁਹਾਡੇ ਬੱਚੇ ਦੇ ਪਹਿਲੇ ਜਨਮ ਦਿਨ ਤੋਂ ਕੁਝ ਚਿਰ ਪਹਿਲਾਂ ਇਕ ਵਾਰੀ ਹੋਰ ਸੁਣਨ ਦੀ ਜਾਂਚ ਦਾ ਪ੍ਰਬੰਧ ਕਰਨਗੇ।

ਭਾਂਵੇਂ ਕਿ ਬਹੁਤ ਥੋੜ੍ਹੀ ਗਿਣਤੀ ਦੇ ਬੱਚਿਆਂ ਵਿੱਚ ਬੋਲੇਪਨ ਦੇ ਖਤਰੇ ਹੋ ਸਕਦੇ ਹਨ, ਤੁਹਾਡੇ ਬੱਚੇ ਲਈ ਇਹ ਮਹੱਤਵਪੂਰਣ ਹੈ ਕਿ ਉਹ ਸੁਣਨ ਦੀਆਂ ਵਾਧੂ ਜਾਂਚਾਂ ਕਰਵਾਉਣ ਜੇਕਰ ਇਹਨਾਂ ਦੀ ਸਿਫਾਰਸ਼ ਕੀਤੀ ਗਈ ਹੋਵੇ।

> ਬੋਲੇਪਨ ਨੂੰ ਛੋਟੀ ਉਮਰ ਵਿੱਚ ਪਕੜਨਾ ਤੁਹਾਡੇ ਬੱਚੇ ਦੀ ਬੋਲਣ ਅਤੇ ਭਾਸ਼ਾ ਦੇ ਵਿਕਾਸ, ਅਤੇ ਭਵਿੱਖ ਵਿੱਚ ਸਿੱਖਿਆ ਵਿੱਚ ਸਹਾਇਤਾ ਕਰਨ ਦਾ ਸਭ ਤੋਂ ਵਧੀਆ ਮੌਕਾ ਹੈ।

## ਕੁਈਂਜ਼ਲੈਂਡ ਹੀਅਰਿੰਗ ਲੌਸ ਫੈਮਿਲੀ ਸੁਪੋਰਟ ਸਰਵਿਸ (ਕਿਊ ਐਚ ਐਲ ਐਫ਼ ਐਸ ਐਸ)

ਕੁਈਂਜ਼ਲੈਂਡ ਹੀਅਰਿੰਗ ਲੌਸ ਫੈਮਿਲੀ ਸੁਪੋਰਟ ਸਰਵਿਸ (ਕਿਊ ਐਚ ਐਲ ਐਫ਼ ਐਸ ਐਸ) ਉਹਨਾਂ ਪਰਿਵਾਰਾਂ ਦੀ ਸਹਾਇਤਾ ਕਰਦੀ ਹੈ ਜਿੰਨ੍ਹਾਂ ਦੇ ਬੱਚਿਆਂ ਦੀ ਪਛਾਣ ਪੂਰੀ ਤਰ੍ਹਾਂ ਬੋਲੇ ਹੋਣ ਵਜੋਂ ਕੀਤੀ ਜਾਂਦੀ ਹੈ। ਜੇਕਰ ਤੁਹਾਡੇ ਬੱਚੇ ਦੀ ਪਛਾਣ ਪੂਰੀ ਤਰ੍ਹਾਂ ਬੋਲੇ ਹੋਣ ਵਜੋਂ ਕੀਤੀ ਜਾਂਦੀ ਹੈ, ਪਰਿਵਾਰਕ ਸਹਾਇਤਾ ਦਾ ਸੰਚਾਲਕ ਤੁਹਾਡੇ ਨਾਲ ਸੰਪਰਕ ਕਰੇਗਾ, ਅਤੇ ਤੁਹਾਡੇ ਨਾਲ ਤੇ ਤੁਹਾਡੇ ਪਰਿਵਾਰ ਨਾਲ ਲੰਬੇ ਸਮੇਂ ਲਈ ਕੰਮ ਕਰਨ ਲਈ ਉਪਲਬਧ ਹੋਵੇਗਾ।

ਇਹ ਸੇਵਾ ਸਾਰੇ ਪਰਿਵਾਰਾਂ ਲਈ ਮੁਫ਼ਤ ਹੈ। ਜੇਕਰ ਤੁਹਾਨੂੰ ਕਿਊ ਐਚ ਐਲ ਐਫ਼ ਐਸ ਐਸ ਤੋਂ ਕੋਈ ਖਬਰ ਨਹੀਂ ਆਉਂਦੀ, ਤੁਸੀਂ ਉਹਨਾਂ ਨੂੰ 1800 352 075 ਉਪਰ ਸੰਪਰਕ ਕਰ ਸਕਦੇ ਹੋ।

> ਯਾਦ ਰੱਖੋ ਕਿ ਬੱਚੇ ਦੀ ਸੁਣਨ ਦੀ ਸ਼ਕਤੀ ਦੀ ਜਾਂਚ ਕਿਸੇ ਵੀ ਉਮਰ ਵਿੱਚ ਕੀਤੀ ਜਾ ਸਕਦੀ ਹੈ। ਜੇਕਰ ਆਪਣੇ ਬੱਚੇ ਦੀ ਸੁਣਨ ਦੀ ਸ਼ਕਤੀ ਬਾਰੇ ਤੁਹਾਡੀਆਂ ਕੋਈ ਚਿੰਤਾਵਾਂ ਹਨ, ਆਪਣੇ ਡਾਕਟਰ ਨਾਲ ਸੰਪਰਕ ਕਰਕੇ ਆਪਣੇ ਬੱਚੇ ਦੀ ਸੁਣਨ ਦੀ ਸ਼ਕਤੀ ਦੀ ਜਾਂਚ ਕਰਵਾਉਣ ਵਾਸਤੇ ਔਡੀਓਲੋਜਿਸਟ ਕੋਲ ਭੇਜਣ ਲਈ ਕਹੋ।

### ਔਡੀਓਲੋਜੀ ਮੁਲਾਕਾਤ

ਤਰੀਕ ਤੇ ਸਮਾਂ: ..........................................................

ਔਡੀਓਲੋਜੀ ਸੇਵਾ: ..........................................................

..........................................................

ਪਤਾ: ..........................................................

ਟੈਲੀਫੋਨ ਨੰਬਰ: ..........................................................

> ਆਪਣੇ ਬੱਚੇ ਦੀ ਦੂਸਰੀ ਜਾਂਚ ਤੋਂ ਇਕ ਹਫ਼ਤੇ ਦੇ ਅੰਦਰ ਅੰਦਰ ਜੇਕਰ ਤੁਹਾਨੂੰ ਔਡੀਓਲੋਜੀ ਨਾਲ ਮੁਲਾਕਾਤ ਦੀ ਜਾਣਕਾਰੀ ਨਹੀਂ ਮਿਲਦੀ, ਕਿਰਪਾ ਕਰਕੇ ਔਡੀਓਲੋਜੀ ਸੇਵਾ ਨਾਲ ਸੰਪਰਕ ਕਰੋ ਜਿੱਥੇ ਤੁਸੀਂ ਜਾਵੋਗੇ, ਜਾਂ ਕਿਊ ਐਚ ਐਲ ਐਫ਼ ਐਸ ਐਸ ਨੂੰ 1800 352 075 ਉਪਰ ਸੰਪਰਕ ਕਰੋ।

## ਜੇਕਰ ਅਸੀਂ ਮੁਲਾਕਾਤ ਉਪਰ ਨਹੀਂ ਪਹੁੰਚ ਸਕਦੇ ਤਾਂ ਕੀ ਹੋਵੇਗਾ?

ਜੇਕਰ ਤੁਸੀਂ ਆਪਣੀ ਮੁਲਾਕਾਤ ਤੇ ਹਾਜ਼ਰ ਨਹੀਂ ਹੋ ਸਕਦੇ, ਆਪਣੇ ਔਡੀਓਲੋਜਿਸਟ ਨੂੰ ਮੁਲਾਕਾਤ ਤੋਂ ਜਿੰਨ੍ਹਾਂ ਛੇਤੀ ਹੋ ਸਕੇ ਪਹਿਲਾਂ ਰੱਦ ਕਰਨ ਅਤੇ ਦੋਬਾਰਾ ਸਮਾਂ ਨਿਯਤ ਕਰਨ ਲਈ ਕਹੋ।

ਬੱਚਿਆਂ ਦੀ ਜਾਂਚ ਕਰਨੀ ਜ਼ਿਆਦਾ ਵਧੀਆ ਹੁੰਦੀ ਹੈ ਜਦੋਂ ਉਹ ਬਹੁਤ ਛੋਟੀ ਉਮਰ ਦੇ ਹੁੰਦੇ ਹਨ (ਕਿਉਂਕਿ ਉਹ ਵਧੀਆ ਸੌਂਦੇ ਹਨ)। ਮੁਲਾਕਾਤ ਵਾਸਤੇ ਦੇਰ ਕਰਨ ਨੂੰ ਜਿੱਥੇ ਵੀ ਹੋ ਸਕੇ ਟਾਲਿਆ ਜਾਣਾ ਚਾਹੀਦਾ ਹੈ।

## ਮੁਲਾਕਾਤ ਉਪਰ ਕਿੰਨ੍ਹਾਂ ਖਰਚ ਹੁੰਦਾ ਹੈ?

ਤੁਹਾਡਾ ਸੁਣਨ ਦੀ ਜਾਂਚ ਕਰਨ ਵਾਲਾ ਤੁਹਾਡੇ ਖੇਤਰ ਵਿੱਚ ਉਪਲਬਧ ਔਡੀਓਲੋਜੀ ਸੇਵਾਵਾਂ ਦੇ ਵੇਰਵੇ ਪ੍ਰਦਾਨ ਕਰੇਗਾ।

ਜਨਤਕ ਔਡੀਓਲੋਜੀ ਸੇਵਾਵਾਂ ਮੈਡੀਕੇਅਰ ਦੇ ਯੋਗ ਬੱਚਿਆਂ ਦੀ ਸੁਣਨ ਦੀ ਜਾਂਚ ਮੁਫ਼ਤ ਕਰਦੀਆਂ ਹਨ ਭਾਂਵੇਂ ਕਿ ਉਹ ਬੱਚੇ ਸਰਕਾਰੀ ਜਾਂ ਪ੍ਰਾਈਵੇਟ ਹਸਪਤਾਲਾਂ ਵਿੱਚ ਪੈਦਾ ਹੋਏ ਹੋਣ।

ਜੇਕਰ ਤੁਸੀਂ ਪ੍ਰਾਈਵੇਟ ਔਡੀਓਲੋਜਿਸਟ ਕੋਲ ਜਾਣਾ ਚੁਣਦੇ ਹੋ ਤੁਹਾਨੂੰ ਇਹ ਜਾਣਣ ਦੀ ਲੋੜ ਹੋਵੇਗੀ ਕਿ ਜਾਂਚ ਕਰਨ ਵਿੱਚ ਕੁਝ ਖਰਚਾ ਸ਼ਾਮਲ ਹੈ ਅਤੇ ਤੁਹਾਨੂੰ ਇਸ ਬਾਰੇ ਵਿਚਾਰ ਕਰਨ ਲਈ ਸੇਵਾ ਦੇ ਨਾਲ ਸੰਪਰਕ ਕਰਨ ਦੀ ਲੋੜ ਹੋਵੇਗੀ।

# Your Baby's Audiology Hearing Test

## ਤੁਹਾਡੇ ਬੱਚੇ ਦੀ ਔਡੀਓਲੋਜੀ ਸੁਣਨ ਦੀ ਜਾਂਚ




ਤੁਹਾਡੇ ਬੱਚੇ ਨੂੰ ਹੋਰ ਅਗਲੇਰੀਆਂ ਸੁਣਨ ਦੀਆਂ ਜਾਂਚਾਂ ਵਾਸਤੇ ਔਡੀਓਲੋਜਿਸਟ ਕੋਲ ਭੇਜਿਆ ਜਾ ਰਿਹਾ ਹੈ।

ਇਹ ਕਿਤਾਬਚਾ ਵਿਆਖਿਆ ਕਰਦਾ ਹੈ ਕਿ ਤੁਹਾਡੇ ਬੱਚੇ ਨੂੰ ਕਿਉਂ ਅੱਗੇ ਭੇਜਿਆ ਜਾ ਰਿਹਾ ਹੈ ਅਤੇ ਇਸ ਵਿੱਚ ਕੀ ਸ਼ਾਮਲ ਹੈ।

Queensland Government

Language: Punjabi

Reviewed 2018

## ਮੇਰੇ ਬੱਚੇ ਨੂੰ ਔਡੀਓਲੋਜਿਸਟ ਕੋਲ ਕਿਉਂ ਭੇਜਿਆ ਜਾ ਰਿਹਾ ਹੈ?

ਤੁਹਾਡੇ ਬੱਚੇ ਕੋਲ ਉਸ ਦੀਆਂ ਦੋ ਸੁਣਨ ਵਾਲੀਆਂ ਛਾਣਬੀਣਾਂ ਦੇ ਨਤੀਜੇ 'ਅੱਗੇ ਭੇਜਣ' ਵਾਲੇ ਹਨ। ਇਸ ਦਾ ਮਤਲਬ ਇਹ ਕਿ ਛਾਣਬੀਣਾਂ ਬੋਲੇਪਨ ਨੂੰ ਰੱਦ ਨਹੀਂ ਕਰ ਸਕੀਆਂ ਹਨ ਅਤੇ ਤੁਹਾਡੇ ਬੱਚੇ ਦੀ ਔਡੀਓਲੋਜਿਸਟ ਦੁਆਰਾ ਸੁਣਨ ਦੀ ਹੋਰ ਅਗਲੇਰੀ ਜਾਂਚ ਦੀ ਲੋੜ ਹੈ।

ਕਿਸੇ ਬੱਚੇ ਦੇ ਸੁਣਨ ਵਾਲੀਆਂ ਛਾਣਬੀਣਾਂ ਦੇ ਨਤੀਜੇ 'ਅੱਗੇ ਭੇਜਣ' ਵਾਲੇ ਹਨ ਦੇ ਕਈ ਕਾਰਣ ਹੋ ਸਕਦੇ ਹਨ। ਤੁਹਾਡੇ ਬੱਚੇ ਨੂੰ ਸ਼ਾਇਦ ਇਹ ਹੋ ਸਕਦਾ ਹੈ:

- ਪੂਰੀ ਤਰ੍ਹਾਂ ਬੋਲਾਪਨ;
- ਜਨਮ ਤੋਂ ਬਾਅਦ ਕੰਨ ਵਿੱਚ ਤਰਲ ਪਦਾਰਥ ਜਾਂ ਆਰਜ਼ੀ ਰੁਕਾਵਟ ਕਰਕੇ ਆਰਜ਼ੀ ਤੌਰ ਤੇ ਬੋਲਾਪਨ ਜਿਸ ਨੇ ਸੁਣਨ ਦੀ ਛਾਣਬੀਣ ਦੇ ਸਮੇਂ ਉਹਨਾਂ ਨੂੰ ਪ੍ਰਭਾਵਿਤ ਕੀਤਾ ਹੈ;
- ਦੋਵੇਂ ਛਾਣਬੀਣਾਂ ਦੇ ਦੌਰਾਨ ਅਸ਼ਾਂਤ ਸੀ, ਜਾਂ
- ਛਾਣਬੀਣਾਂ ਦੇ ਦੌਰਾਨ ਪਿਛੋਕੜ ਵਿੱਚ ਆਵਾਜ਼ਾਂ।

## ਔਡੀਓਲੋਜਿਸਟ ਕੌਣ ਹੁੰਦਾ ਹੈ?

ਔਡੀਓਲੋਜਿਸਟ ਸੁਣਨ ਦਾ ਮਾਹਰ ਹੈ ਜਿਸ ਕੋਲ ਵਿਸਥਾਰ ਵਾਲੀਆਂ ਸੁਣਨ ਦੀਆਂ ਜਾਂਚਾਂ ਕਰਨ ਵਾਲੇ ਹੁਨਰ ਅਤੇ ਉਪਕਰਣ ਹੁੰਦੇ ਹਨ (ਸੁਣਨ ਦੇ ਲੱਛਣਾਂ ਦੀਆਂ ਜਾਂਚਾਂ)।

## ਸੁਣਨ ਦੇ ਲੱਛਣਾਂ ਦੀਆਂ ਜਾਂਚਾਂ ਕੀ ਹੁੰਦੀਆਂ ਹਨ?

ਸੁਣਨ ਦੇ ਲੱਛਣਾਂ ਦੀਆਂ ਜਾਂਚਾਂ ਇਹ ਪਤਾ ਲਗਾਉਂਦੀਆਂ ਹਨ ਕਿ ਕੀ ਬੱਚੇ ਦੀ ਸੁਣਨ ਸ਼ਕਤੀ ਆਮ ਵਰਗੀ ਹੈ ਜਾਂ ਬੋਲਾਪਨ ਹੈ। ਜੇਕਰ ਬੱਚੇ ਨੂੰ ਬੋਲਾਪਨ ਹੈ ਸੁਣਨ ਦੇ ਲੱਛਣਾਂ ਦੀ ਜਾਂਚ ਇਹ ਵਿਖਾਵੇਗੀ:

- ਕਿ ਇਹ ਆਰਜ਼ੀ ਜਾਂ ਪੱਕੇ ਤੌਰ ਤੇ ਹੈ
- ਬੋਲੇਪਨ ਦਾ ਪੱਧਰ ਜਾਂ ਦਰਜਾ (ਹਲਕੇ ਤੋਂ ਲੈ ਕੇ ਪੂਰੇ ਬੋਲੇਪਨ ਤੱਕ)
- ਕੀ ਬੋਲਾਪਨ ਇਕ ਕੰਨ ਵਿੱਚ ਹੈ ਜਾਂ ਦੋਵੇਂ ਕੰਨਾਂ ਵਿੱਚ ਹੈ।

ਬੱਚੇ ਦੀ ਸੁਣਨ ਬਾਰੇ ਸਾਰੀ ਜਾਣਕਾਰੀ ਪ੍ਰਾਪਤ ਕਰਨ ਲਈ ਆਮ ਤੌਰ ਤੇ ਇਕ ਤੋਂ ਜ਼ਿਆਦਾ ਮੁਲਾਕਾਤਾਂ ਦੀ ਲੋੜ ਪੈਂਦੀ ਹੈ।

## ਜਾਂਚ ਦੇ ਦੌਰਾਨ ਕੀ ਹੋਵੇਗਾ?

ਤੁਹਾਡਾ ਔਡੀਓਲੋਜਿਸਟ ਕਈ ਸਾਰੀਆਂ ਵੱਖ ਵੱਖ ਜਾਂਚਾਂ ਕਰੇਗਾ। ਹਰੇਕ ਜਾਂਚ ਤੁਹਾਡੇ ਬੱਚੇ ਦੀ ਸੁਣਨ ਵਾਲੀ ਪ੍ਰਣਾਲੀ ਦੇ ਵੱਖਰੇ ਹਿੱਸੇ ਦੀ ਜਾਂਚ ਕਰਦੀ ਹੈ। ਮੁਲਾਕਾਤ ਦੇ ਦੌਰਾਨ ਔਡੀਓਲੋਜਿਸਟ ਹਰੇਕ ਜਾਂਚ ਦੀ ਵਿਆਖਿਆ ਕਰੇਗਾ।

## ਮੇਰੇ ਬੱਚੇ ਦੀ ਜਾਂਚ ਦੀ ਲੋੜ ਕਦੋਂ ਹੋਵੇਗੀ?

ਦੋਵਾਂ ਕੰਨਾਂ ਦੀਆਂ ਸੁਣਨ ਵਾਲੀਆਂ ਛਾਣਬੀਣਾਂ ਦੇ 'ਅੱਗੇ ਭੇਜਣ' ਦੇ ਨਤੀਜੇ ਵਾਲੇ ਬੱਚਿਆਂ ਦੀ ਦੂਸਰੀ ਛਾਣਬੀਣ ਦੇ 2 ਹਫ਼ਤਿਆਂ ਦੇ ਅੰਦਰ ਅੰਦਰ ਜਾਂਚ ਹੋਣੀ ਚਾਹੀਦੀ ਹੈ। ਇਕ ਕੰਨ ਦੇ ਸੁਣਨ ਵਾਲੀਆਂ ਛਾਣਬੀਣਾਂ ਦੇ 'ਅੱਗੇ ਭੇਜਣ' ਦੇ ਨਤੀਜੇ ਵਾਲੇ ਬੱਚਿਆਂ ਦੀ ਦੂਸਰੀ ਛਾਣਬੀਣ ਦੇ 6 ਹਫ਼ਤਿਆਂ ਦੇ ਅੰਦਰ ਅੰਦਰ ਜਾਂਚ ਹੋਣੀ ਚਾਹੀਦੀ ਹੈ।

## ਜਾਂਚ ਨੂੰ ਕਿੰਨ੍ਹਾਂ ਸਮਾਂ ਲੱਗੇਗਾ?

ਹਰੇਕ ਬੱਚੇ ਲਈ ਇਹ ਵੱਖਰਾ ਵੱਖਰਾ ਹੈ, ਪਰ ਹਰ ਮੁਲਾਕਾਤ ਵਿੱਚ 3 ਘੰਟੇ ਲੱਗ ਸਕਦੇ ਹਨ। ਬਹੁਤੇ ਬੱਚਿਆਂ ਨੂੰ ਇਨਾਂ ਸਮਾਂ ਨਹੀਂ ਲੱਗਦਾ ਪਰ ਫਿਰ ਵੀ ਇਹ ਵਧੀਆ ਹੋਵੇਗਾ ਜੇਕਰ ਅੱਧਾ ਦਿਨ ਰੱਖ ਲਿਆ ਜਾਵੇ।

## ਮੈਂ ਆਪਣੇ ਬੱਚੇ ਨੂੰ ਜਾਂਚਾਂ ਵਾਸਤੇ ਕਿਵੇਂ ਤਿਆਰ ਕਰਾਂ?

ਤੁਹਾਡਾ ਔਡੀਓਲੋਜਿਸਟ ਤੁਹਾਨੂੰ ਫੋਨ ਕਰੇਗਾ ਜਾਂ ਜਾਣਕਾਰੀ ਭੇਜੇਗਾ ਕਿ ਆਪਣੇ ਬੱਚੇ ਨੂੰ ਜਾਂਚਾਂ ਵਾਸਤੇ ਕਿਵੇਂ ਤਿਆਰ ਕਰਨਾ ਹੈ।

ਆਪਣੇ ਬੱਚੇ ਨੂੰ ਤਿਆਰ ਕਰਨਾ ਜਾਂਚ ਦੀ ਕਿਰਿਆ ਵਿੱਚ ਸਹਾਇਤਾ ਕਰੇਗਾ। ਤੁਹਾਡੇ ਬੱਚੇ ਨੂੰ ਮੁਲਾਕਾਤ ਵਾਸਤੇ ਜਾਗਦੇ ਹੋਏ ਆਉਣ ਦੀ ਲੋੜ ਹੈ ਪਰ ਥੱਕਿਆ ਹੋਇਆ ਅਤੇ ਸੌਣ ਵਾਸਤੇ ਤਿਆਰ ਹੋਵੇ।

ਇਹ ਇਸ ਕਰਕੇ ਕਿਉਂਕਿ ਬਹੁਤੀਆਂ ਜਾਂਚਾਂ ਉਦੋਂ ਕੀਤੀਆਂ ਜਾਂਦੀਆਂ ਹਨ ਜਦੋਂ ਤੁਹਾਡਾ ਬੱਚਾ ਸੁੱਤਾ ਹੁੰਦਾ ਹੈ ਕਿਉਂਕਿ ਹਿੱਲਣਾ-ਜੁੱਲਣਾ ਜਾਂਚ ਵਿੱਚ ਵਿਘਨ ਪਾਉਂਦਾ ਹੈ।




ਜਾਂਚਾਂ ਤੁਹਾਡੇ ਬੱਚੇ ਨੂੰ ਕਿਸੇ ਵੀ ਤਰੀਕੇ ਨਾਲ ਦੁਖੀ ਜਾਂ ਨੁਕਸਾਨ ਨਹੀਂ ਪਹੁੰਚਾਉਂਦੀਆਂ ਹਨ।

ਔਡੀਓਲੋਜਿਸਟ ਨੂੰ ਮੁਲਾਕਾਤ ਤੋਂ ਪਹਿਲਾਂ ਫੋਨ ਕਰਨਾ ਮਹੱਤਵਪੂਰਣ ਹੈ ਜੇਕਰ ਤੁਹਾਨੂੰ ਤਿਆਰੀ ਵਾਲੀ ਜਾਣਕਾਰੀ ਨਹੀਂ ਮਿਲੀ ਜਾਂ ਤੁਹਾਨੂੰ ਪੱਕਾ ਪਤਾ ਨਹੀਂ ਹੈ ਕਿ ਕੀ ਕਰਨਾ ਹੈ।

## ਮੈਨੂੰ ਨਤੀਜਿਆਂ ਬਾਰੇ ਕਦੋਂ ਪਤਾ ਲੱਗੇਗਾ?

ਤੁਹਾਡਾ ਔਡੀਓਲੋਜਿਸਟ ਹਰੇਕ ਮੁਲਾਕਾਤ ਦੇ ਦੌਰਾਨ ਸੁਣਨ ਦੀਆਂ ਜਾਂਚਾਂ ਦੇ ਨਤੀਜਿਆਂ ਬਾਰੇ ਤੁਹਾਡੇ ਨਾਲ ਵਿਚਾਰ ਕਰੇਗਾ।

## ਮੇਰੇ ਬੱਚੇ ਦੀਆਂ ਸੁਣਨ ਦੇ ਲੱਛਣਾਂ ਦੀਆਂ ਜਾਂਚਾਂ ਦੇ ਕੀ ਸੰਭਾਵਿਤ ਨਤੀਜੇ ਹੋ ਸਕਦੇ ਹਨ?




## ਜੇਕਰ ਮੇਰੇ ਬੱਚੇ ਨੂੰ ਬੋਲਾਪਨ ਹੈ ਤਾਂ ਕੀ ਹੋਵੇਗਾ?

ਜੇਕਰ ਤੁਹਾਡੇ ਬੱਚੇ ਨੂੰ ਆਰਜ਼ੀ ਬੋਲਾਪਨ ਹੈ, ਤੁਹਾਡਾ ਔਡੀਓਲੋਜਿਸਟ ਉਹਨਾਂ ਦੀ ਸੁਣਨ ਸ਼ਕਤੀ ਦੀ ਨਿਗਰਾਨੀ ਲਈ ਦੋਬਾਰਾ ਵੇਖਣਾ ਚਾਹੇਗਾ। ਜੇਕਰ ਆਰਜ਼ੀ ਬੋਲੇਪਨ ਵਿੱਚ ਸੁਧਾਰ ਨਹੀਂ ਹੁੰਦਾ ਤਾਂ ਔਡੀਓਲੋਜਿਸਟ ਤੁਹਾਡੇ ਬੱਚੇ ਨੂੰ ਕੰਨ ਨੱਕ ਅਤੇ ਗਲੇ (ਈ ਐਨ ਟੀ) ਦੇ ਮਾਹਰ ਕੋਲ ਭੇਜਣ ਦੀ ਸਿਫਾਰਸ਼ ਕਰੇਗਾ।

ਜੇਕਰ ਤੁਹਾਡੇ ਬੱਚੇ ਨੂੰ ਪੱਕਾ ਬੋਲਾਪਨ ਹੈ ਤੁਹਾਡਾ ਔਡੀਓਲੋਜਿਸਟ ਤੁਹਾਡੇ ਬੱਚੇ ਨੂੰ ਇਹਨਾਂ ਵਿੱਚੋਂ ਕੁਝ ਜਾਂ ਸਭ ਕੋਲ ਭੇਜੇਗਾ:

- ਬੱਚਿਆਂ ਦਾ ਸੁਣਨ ਵਾਲਾ ਹਸਪਤਾਲ (ਚਾਈਲਡਹੁੱਡ ਹੀਅਰਿੰਗ ਕਲੀਨਿਕ)
- ਕੰਨ ਨੱਕ ਅਤੇ ਗਲੇ ਦਾ ਮਾਹਰ (ਈਅਰ ਨੋਜ਼ ਐਂਡ ਥਰੋਟ ਸਪੈਸ਼ਲਿਸਟ)
- ਬੱਚਿਆਂ ਦਾ ਡਾਕਟਰ
- ਆਸਟ੍ਰੇਲੀਅਨ ਹੀਅਰਿੰਗ (ਸੁਣਨ ਵਾਲੇ ਯੰਤਰ ਲਾਉਣ ਲਈ)
- ਕੁਈਂਜ਼ਲੈਂਡ ਹੀਅਰਿੰਗ ਲੌਸ ਫੈਮਿਲੀ ਸੁਪੋਰਟ ਸਰਵਿਸ (ਕਿਊ ਐਚ ਐਲ ਐਫ਼ ਐਸ ਐਸ)
- ਮਾਹਰਾਂ ਦੀਆਂ ਹੋਰ ਸੇਵਾਵਾਂ ਜਿਵੇਂ ਲੋੜੀਂਦੀਆਂ ਹੋਣ।



Reviewed 2018